Notice Board + website

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ**
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਐਸ.ਸੀ.ਓ 104-106, ਦੂਜੀ ਮੰਜ਼ਿਲ
ਸੈਕਟਰ 34-ਏ ਚੰਡੀਗੜ੍ਹ, ਫੋਨ ਨੰ: 0172-5015865, ਫੈਕਸ ਨੰ: 0172-2624687

ਵੱਲ,

1. ਸਮੂਹ ਜ਼ਿਲਾ ਸਿੱਖਿਆ ਅਫਸਰ (ਐ:ਸਿ/ਸੈ:ਸਿ) ਪੰਜਾਬ।
2. ਸਾਰੇ ਮਿਡਲ/ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਤੇ ਮੁਖੀ
   (ਵੈਬਸਾਈਟ ਰਾਹੀਂ )

ਮੀਮੋ ਨੰ:ਡੀ.ਜੀ.ਐਸ.ਈ/2013/7008
ਮਿਤੀ ਚੰਡੀਗੜ੍ਹ 8.5.13

ਵਿਸ਼ਾ :- **ਬੀ.ਐਡ ਯੋਗਤਾ ਵਾਲੇ ਪ੍ਰਾਇਮਰੀ ਅਧਿਆਪਕਾਂ ਨੂੰ ਸਪੈਸ਼ਲ ਪ੍ਰੋਗਰਾਮ ਆਨ ਐਲੀਮੈਂਟਰੀ ਐਜੂਕੇਸ਼ਨ ਦੀ ਟ੍ਰੇਨਿੰਗ ਦਿਵਾਉਣ ਸੰਬੰਧੀ।**

ਉਪਰੋਕਤ ਵਿਸ਼ੇ ਸੰਬੰਧੀ ਆਪ ਦਾ ਧਿਆਨ ਇਸ ਦਫਤਰ ਦੇ ਮੀਮੋ ਨੰ: ਡੀ.ਜੀ.ਐਸ.ਈ/2013/006008 ਮਿਤੀ 25.3.2013 ਵੱਲ ਦਿਵਾਇਆ ਜਾਂਦਾ ਹੈ ।

2. ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਅਜਿਹੇ ਸਮੂਹ ਅਧਿਆਪਕਾਂ ਨੂੰ ਜਿਹੜੇ ਬੀ.ਐਡ ਯੋਗਤਾ ਦੇ ਆਧਾਰ ਤੇ ਪ੍ਰਾਇਮਰੀ ਅਧਿਆਪਕ ਨਿਯੁਕਤ ਹੋਏ ਹਨ, ਇਹ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਖਰਚੇ ਤੇ ਐਲੀਮੈਂਟਰੀ ਸਿੱਖਿਆ ਵਿੱਚ ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ (N.C.T.E ) ਤੋਂ ਮਾਨਤਾ ਪ੍ਰਾਪਤ 6 ਮਹੀਨੇ ਦੀ ਵਿਸ਼ੇਸ਼ ਸਿੱਖਿਆ (Special Programme on Elementary Education ) ਪ੍ਰਾਪਤ ਕਰਨ ਅਤੇ ਇਹ ਟ੍ਰੇਨਿੰਗ ਪ੍ਰਾਪਤ ਕਰਕੇ ਵਿਭਾਗੀ ਅਧਿਕਾਰੀਆਂ ਨੂੰ ਸੂਚਿਤ ਕਰਨ।

ਇਸ ਸੰਬੰਧ ਵਿੱਚ ਆਪ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਪੱਤਰ ਕੇਵਲ ਨਵੇਂ ਨਿਯੁਕਤ ਹੋਏ ਈ.ਟੀ.ਟੀ. ਅਧਿਆਪਕਾਂ ਤੇ ਲਾਗੂ ਹੋਵੇਗਾ ਜਿਨ੍ਹਾਂ ਦੇ ਨਿਯੁਕਤੀ ਪੱਤਰ ਵਿੱਚ ਇਸ ਸੰਬੰਧ ਵਿੱਚ ਸ਼ਰਤ ਲਗਾਈ ਗਈ ਹੈ ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿਠ ਅੰਕਣ ਨੰ: ਡੀ.ਜੀ.ਐਸ.ਈ/2013/7008 ਮਿਤੀ 8.5.13

ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ/ਐ:ਸਿ) ਨੂੰ ਪੰਜਾਬ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼ 8 ਐਸ.ਏ.ਐਸ ਨਗਰ ਨੂੰ ਸੂਚਨਾ ਲਈ ਭੇਜਿਆ ਜਾਂਦਾ ਹੈ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**